ਵਲੋਂ

ਕਾਰਜਾਕਾਰੀ ਇੰਜੀਨੀਅਰ
ਜ/ਸ ਅਤੇ ਸੈਨੀਟੇਸ਼ਨ ਮੰਡਲ
ਸ੍ਰੀ ਅਨੰਦਪੁਰ ਸਾਹਿਬ

ਵੱਲ

Sh. Gurbax Singh Govt. Cont
9-A, Guru Nanak Nagar,
Jalandhar, Punjab.

ਨੰਬਰ EE(ANDS)/Gen/2020/ 164 ਮਿਤੀ 28/10/2020

ਵਿਸ਼ਾ: ਪਿੰਡ ਖੇੜੀ ਬਲਾਕ ਨੂਰਪੁਰ ਬੇਦੀ ਵਿਖੇ ਜਲ ਸਪਲਾਈ ਸਕੀਮ ਦੇ ਕੰਮ ਨੂੰ ਅਲਾਟਮੈਂਟ ਅਨੁਸਾਰ ਮੁਕੰਮਲ ਕਰਨ ਬਾਰੇ।

ਹਵਾਲਾ: ਆਪ ਦਾ ਰਜਿਸਟਰ ਪੱਤਰ ਨੰ:24920 ਮਿਤੀ 24-09-2020, ਪੱਤਰ ਨੰ: 30920 ਮਿਤੀ 30-09-2020 ਅਤੇ ਪੱਤਰ ਨੰ: 17120 ਮਿਤੀ 17-10-2020

ਉਪਰੋਕਤ ਹਵਾਲੇ ਅਧੀਨ ਪੱਤਰਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਿਤ ਕੰਮ ਆਪ ਨੂੰ ਇਸ ਦਫਤਰ ਵੱਲੋਂ ਪੱਤਰ ਨੰ: 00189/6 ਮਿਤੀ 10-12-2019 ਰਾਹੀਂ 53.73 ਲੱਖ ਰੁਪਏ ਦਾ ਅਲਾਟ ਕੀਤਾ ਗਿਆ ਸੀ। ਇਸ ਕੰਮ ਨੂੰ ਖਤਮ ਕਰਨ ਦਾ ਸਮਾਂ 10 ਮਹੀਨੇ ਦਾ ਸੀ ਜ਼ੋ ਕਿ ਮਿਤੀ 09-10-2020 ਨੂੰ ਖਤਮ ਹੋ ਚੁੱਕਾ ਹੈ ਪ੍ਰੰਤੂ ਆਪ ਵੱਲੋਂ ਇਹ ਕੰਮ ਅੱਜ ਤੱਕ ਵੀ ਮੁਕੰਮਲ ਨਹੀਂ ਕੀਤਾ ਗਿਆ ਹੈ। ਵਿਸ਼ਾ ਅੰਕਿਤ ਕੰਮ ਸਮੇਂ ਸਿਰ ਮੁਕੰਮਲ ਨਾ ਕਰਨ ਦੇ ਕਾਰਨ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਦੇਣ ਵਿੱਚ ਬੇਲੋੜੀ ਦੇਰ ਹੋ ਰਹੀ ਹੈ ਅਤੇ ਸਰਕਾਰ ਵੱਲੋਂ ਮਿਥੇ ਗਏ ਟਿਚੇ ਸਮੇਂ ਸਿਰ ਪੂਰੇ ਨਹੀਂ ਹੋ ਰਹੇ ਜਿਸ ਕਾਰਨ ਇਸ ਦਫਤਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉੱਕਤ ਤੋਂ ਇਲਾਵਾ ਆਪ ਨੂੰ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਟੈਂਡਰ ਵਿੱਚ ਜ਼ੋ ਰੇਟ ਆਪ ਵੱਲੋਂ ਕੋਟ ਕੀਤੇ ਗਏ ਹਨ ਉਹ ਰੇਟ ਡੀ.ਐਨ.ਆਈ.ਟੀ ਦੀ Clause-6.1 (ਪੇਜ਼ ਨੰ: 7) ਅਨੁਸਾਰ ਮੌਕਾ ਦੇਖਕੇ ਕੋਟ ਕੀਤੇ ਜਾਣੇ ਸਨ ਪ੍ਰੰਤੂ ਫਿਰ ਵੀ ਜੇਕਰ ਕੰਮ ਕਰਨ ਸਮੇਂ ਕੋਈ ਸਕੋਪ ਆਫ ਵਰਕ ਬਦਲਦਾ ਹੈ ਤਾਂ ਐਗਰੀਮੈਂਟ ਦੀ Clause-10 (ਪੇਜ਼ ਨੰ:4) ਅਨੁਸਾਰ ਕਾਰਵਾਈ ਕੀਤੀ ਜਾਵੇ। ਇਸ ਪੱਤਰ ਰਾਹੀਂ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਵਿਸ਼ਾ ਅੰਕਿਤ ਕੰਮ ਨੂੰ ਜਲਦੀ ਤੋਂ ਜਲਦੀ ਮੁਕੰਮਲ ਕੀਤਾ ਜਾਵੇ ਤਾਂ ਜ਼ੋ ਸਬੰਧਤ ਪਿੰਡ ਵਾਸੀਆਂ ਨੂੰ ਸ਼ੁੱਧ ਪੀਣ ਯੋਗ ਪਾਣੀ ਮੁਹੱਇਆ ਕਰਵਾਇਆ ਜਾ ਸਕੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਕਾਰਜਕਾਰੀ ਇੰਜੀਨੀਅਰ
ਜ/ਸ ਅਤੇ ਸੈਨੀਟੇਸ਼ਨ ਮੰਡਲ
ਸ੍ਰੀ ਅਨੰਦਪੁਰ ਸਾਹਿਬ